916
31/7/18

**ਪੰਜਾਬ ਸਰਕਾਰ**
**ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ**
**(ਪਸ਼ੂ ਪਾਲਣ-1 ਸਾਖਾ)**
**ਅਧਿਸੂਚਨਾਂ**

**ਨੰ: 1/337/2016-ਪ.ਪ.1(9)/ 3644** **ਚੰਡੀਗੜ੍ਹ, ਮਿਤੀ 27.7.2018**

ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਪੱਤਰ ਨੰ: ਨੰ: 22/2/2012-3 ਐਫ.ਪੀ.2/475, ਮਿਤੀ 08.10.2012 ਰਾਹੀਂ ਜਾਰੀ ਹਦਾਇਤਾਂ ਅਤੇ ਬਾਦ ਵਿੱਚ ਸਮੇਂ-ਸਮੇਂ ਤੇ ਜਾਰੀ ਹੋਈਆਂ ਹਦਾਇਤਾਂ ਵਿੱਚ ਦਰਸਾਈਆਂ ਸ਼ਰਤਾਂ ਤਹਿਤ ਡਾ. ਸੁੱਚਾ ਸਿੰਘ, ਸੀਨੀਅਰ ਵੈਟੀ. ਅਫਸਰ, ਸਿਵਲ ਪਸ਼ੂ ਹਸਪਤਾਲ, ਸੁਲਤਾਨਪੁਰ ਲੋਧੀ, ਕਪੂਰਥਲਾ ਜਿਨਾਂ ਨੇ 58 ਸਾਲ ਦੀ ਉਮਰ ਪੂਰੀ ਕਰਨ ਤੇ ਮਿਤੀ 31.07.2016 ਨੂੰ ਵੱਧਵਰਾ (Superannuation) ਤੇ ਰਿਟਾਇਰ ਹੋਣਾਂ ਸੀ, ਦੇ ਸੇਵਾ ਕਾਲ ਵਿੱਚ ਮਿਤੀ 01.08.2016 ਤੋਂ 31.07.2018 ਤੱਕ ਦੋ ਸਾਲ ਦਾ ਵਾਧਾ ਮੰਨਜੂਰ ਕੀਤਾ ਗਿਆ ਸੀ।

2. ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਪੰਜਾਬ, ਤੋਂ ਪ੍ਰਾਪਤ ਹੋਈ ਤਜਵੀਜ਼ ਦੇ ਅਧਾਰ ਤੇ ਡਾ. ਸੁੱਚਾ ਸਿੰਘ, ਸੀਨੀਅਰ ਵੈਟੀ. ਅਫਸਰ, ਸਿਵਲ ਪਸ਼ੂ ਹਸਪਤਾਲ, ਸੁਲਤਾਨਪੁਰ ਲੋਧੀ, ਕਪੂਰਥਲਾ ਨੂੰ 60 ਸਾਲ ਦੀ ਉਮਰ ਪੂਰੀ ਕਰਨ ਤੇ ਮਿਤੀ 31.07.2018 (ਬ:ਦ:) ਤੋਂ ਸਰਕਾਰੀ ਸੇਵਾ ਤੋਂ ਰਿਟਾਇਰਡ ਕੀਤਾ ਜਾਂਦਾ ਹੈ।

3. ਇਹ ਹੁਕਮ ਅਧਿਕਾਰੀ ਦੇ ਹੱਕ ਵਿੱਚ ਬੇਬਾਕੀ ਸਰਟੀਫਿਕੇਟ ਅਤੇ ਪੈਨਸ਼ਨ ਸਫਾਈ ਸਰਟੀਫਿਕੇਟ ਜਾਰੀ ਕਰਨ ਦੀ ਸ਼ਰਤ ਅਧੀਨ ਜਾਰੀ ਕੀਤੇ ਜਾਂਦੇ ਹਨ।

**ਜੀ ਵਜਰਾਲਿੰਗਮ**
ਵਧੀਕ ਮੁੱਖ ਸਕੱਤਰ,ਪੰਜਾਬ ।

ਪਿੱ: ਅੰ: ਨੰ: 1/337/2016-ਪ.ਪ.1(9)/ 3645 ਚੰਡੀਗੜ੍ਹ, ਮਿਤੀ: 27.7.018

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਪਸ਼ੂ ਪਾਲਣ,ਪੰਜਾਬ, ਲਾਈਵਸਟਾਕ ਕੰਪਲੈਕਸ, ਸੈਕਟਰ-68, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਉਨਾਂ ਦੇ ਹਵਾਲੇ ਵਿੱਚ।
2. ਨੋਡਲ ਅਫਸਰ ਦਫਤਰ ਡਾਇਰੈਕਟਰ, ਪਸ਼ੂ ਪਾਲਣ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਅਧਿਸੂਚਨਾਂ ਨੂੰ ਸਧਾਰਣ ਗਜ਼ਟ ਵਿੱਚ ਛਾਪਕੇ 15 ਕਾਪੀਆਂ ਇਸ ਵਿਭਾਗ ਦੀ ਵਰਤੋਂ ਲਈ ਭੇਜੀਆਂ ਜਾਣ।
3. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
4. ਮਹਾਂਲੇਖਕਾਰ (ਆਡਿਟ) ਪੰਜਾਬ, ਚੰਡੀਗੜ੍ਹ ।
5 ਜਿਲਾ ਖਜਾਨਾਂ ਅਫਸਰ, ਕਪੂਰਥਲਾ।
6. ਡਿਪਟੀ ਡਾਇਰੈਕਟਰ ਪਸ਼ੂ ਪਾਲਣ, ਕਪੂਰਥਲਾ ।
7. ਡਾ. ਸੁੱਚਾ ਸਿੰਘ, ਸੀਨੀਅਰ ਵੈਟੀ. ਅਫਸਰ, ਸਿਵਲ ਪਸ਼ੂ ਹਸਪਤਾਲ, ਸੁਲਤਾਨਪੁਰ ਲੋਧੀ, ਕਪੂਰਥਲਾ।

ਸੁਪਰਡੰਟ ਗ੍ਰੇਡ-1

Scanned by CamScanner